# ਸੁਕੂਨ
## ਭਾਗ 3



ਸਰਬਪ੍ਰੀਤ

# ਸੁਕੂਨ

## ਭਾਗ -3

ਆਪਣੀਆਂ ਅਭੁੱਲ ਯਾਦਾਂ ਨੂੰ ਸਮਰਪਿਤ

ਸਰਬਪ੍ਰੀਤ

**Sarb_Preet37**

Punjabi **2** Library

**ਚੇਤਾ ਰੱਖੀਦਾ**

ਹਾਸੇ ਹੋਣ ਚਾਅ ਹੋਣ

ਭਾਵੇਂ ਹੋਵੇ ਗਮ

ਮੁੜ ਮੁੜ ਸੱਜਣਾ ਤਸਵੀਰਾਂ ਵੱਲ ਤੱਕੀਦਾ

ਦੁਨਿਆਂ ਤੋਂ ਗਿਆਂ ਦਾ

ਸਦਾ ਚੇਤਾ ਰੱਖੀਦਾ

ਕਰੀ ਦੀ ਦੁਆ ਕਦੇ

ਕਰੀ ਦਾ ਗਿਲਾ

ਰੱਬ ਨਾਲ ਸਾਡਾ ਨਿੱਤ

ਚੱਲੇ ਸਿਲਸਿਲਾ

ਦੋਸ਼ ਓਹਦਾ ਬਣਦਾ

ਰੱਖੀ ਕਹਾਣੀ ਸਾਡੀ ਕੱਚੀ ਦਾ

Punjabi **3** Library

ਦੁਨਿਆਂ ਤੋਂ ਗਿਆਂ ਦਾ

ਸਦਾ ਚੇਤਾ ਰੱਖੀਦਾ

ਕਰੀਦਾ ਖਿਆਲ ਕਦੀਂ

ਗੱਲਾਂ ਉਹਨਾਂ ਕਹੀਆਂ ਦਾ

ਗੱਲਾਂ ਗੱਲਾਂ ਵਿੱਚ ਸੱਚ

ਲਾਵਾਂ ਜੋ ਲਈਆਂ ਦਾ

ਅੱਜ ਵੀ ਏ ਦੀਦਾਰ ਬਿਨਾਂ

ਦੁਨਿਆਂ ਤੇ ਹੋਰ ਚੇਹਰਾ ਨਹੀਂਉ ਤੱਕੀਦਾ

ਦੁਨੀਆਂ ਤੋਂ ਗਿਆਂ ਦਾ

ਸਦਾ ਚੇਤਾ ਰੱਖੀਦਾ

ਦੱਸ ਤਾਂ ਦੇ ਮੈਨੂੰ

ਤੇਰੇ ਏਹ ਅਸੂਲ ਕਿਹੜੇ

ਚੰਦ ਪਲ ਹਾਸੇ ਫੇਰ

ਰੋਲ ਦਿਨਾਂ ਖੇੜੇ

ਏਦਾਂ ਨਹੀਂ ਕਰੀਦਾ

ਲਗੀ ਯਾਰੀ ਹੋਵੇ ਪੱਕੀਦਾ

ਦੁਨਿਆਂ ਤੋਂ ਗਿਆਂ ਦਾ

ਸਦਾ ਚੇਤਾ ਰੱਖੀਦਾ

ਅਸੀਂ ਇਹੋ ਜਿਹੇ ਸੁਭਾਅ ਦੇ ਬਣੇ ਆ

ਸਾਡੇ ਮੂਵ ਔਨ ਨੀਂ ਹੁੰਦੇ

ਅਸੀਂ ਤਾਂ ਤੁਰਦੇ ਰਹਿੰਦੇ ਆਂ

ਸਹਿ ਸੁਭਾ ਸੂਰਤਾਂ ਨੂੰ ਚੇਤਿਆਂ ਚ ਰੱਖ ਕੇ



Punjabi Library

ਹਰ ਇੱਕ ਦੀ ਹੁੰਦੀ ਹੈ

ਆਪਣੀ ਮਹਾਨਤਾ

ਪ੍ਰੇਮ ਕਹਾਣੀ ਕਿਸੇ ਦੀ ਵੀ ਹੋਵੇ

ਆਮ ਨਹੀਂ ਹੁੰਦੀ

ਐਸੀ ਹੈ ਮੇਰੀ ਵਫ਼ਾ ਹੀ ਹੱਦ

ਤੇਰੇ ਬਾਅਦ ਖੁਦ  ਨੂੰ ਸਵਾਰਨ ਦਾ ਸੋਚਿਆ ਹੀ ਨਹੀਂ

ਕਿਸ ਭਗਵਾਨ ਨੂੰ ਕੀਤੀ

ਮੇਰੇ ਜ਼ਿੰਦਾ ਰਹਿਣ ਦੀ ਦੁਆ

ਤੇਰੇ ਬਾਅਦ ਵੀ

ਅਸਰ ਕਾਇਮ ਹੈ ਇਸਦਾ

ਹੋਣਾ ਨਹੀਂ ਕੋਈ ਮੇਰੇ ਵਰਗਾ ਬੇ -ਵਫ਼ਾ

ਤੇਰੇ ਜਾਣ ਤੋਂ ਬਾਅਦ ਵੀ ਜ਼ਿੰਦਾ ਹਾਂ ਮੈਂ

ਮੇਰੇ ਬਾਅਦ

ਮੇਰੇ ਬਾਰੇ

ਕੋਈ ਗੱਲ ਨਾ ਹੋਵੇ

ਏਹ ਕੇਹੀ ਸਮੱਸਿਆ

ਜਿਉਂਦੇ ਜੀ ਜਿਸਦਾ

ਹੱਲ ਨਾ ਹੋਵੇ

ਕਿੱਥੇ ਕਿਵੇਂ

ਕਿਹੜੇ ਮਾਹੌਲ

ਚ ਮੈਂ ਰਾਤਾਂ ਕਟੀਆਂ

ਬਾਰ ਬਾਰ ਏ

ਦੁਆ ਸੀ ਕਿ ਕੱਲ ਨਾ ਹੋਵੇ

Punjabi **8** Library

ਤੇਰੀ ਬੇਬੇ ਦੇ ਮੈਂ

ਸਾਵੇਂ ਜਾਵਾਂ

ਕਿਦਾਂ

ਆਪਣਾ ਏਹ

ਆਪ ਲੁਕਾਵਾਂ

ਕਿਦਾਂ

ਮੈਂ ਬੜੀ

ਮੁਸ਼ਕਿਲ ਨਾਲ

ਬੰਨੀ ਹੈ ਆਪਣੇ ਆਪ

ਦੀ ਗੰਢ

ਵਾਪਿਸ ਤੋੜ ਕੇ

ਇਸਨੂੰ ਖੁਲਾਵਾਂ ਕਿਦਾਂ

Punjabi 9 Library

ਉਹ ਕਿਹੜੇ

ਦੌਰ ਚੋਂ

ਨਿਕਲੇ ਜਵਾਨੀ

ਚਾਦਰ ਲੈ ਕੇ

ਕਿ ਇੱਕ ਹਾਦਸਾ

ਐਸਾ ਹੋਇਆ ਕਿ

ਚਾਦਰਾਂ ਦਾ ਚਾਅ ਨਾ ਰਿਹਾ

ਮੇਰੇ ਅੰਦਰ

ਦੀ ਲੜ੍ਹਾਈ

ਦੇ ਕਿੱਸੇ ਨਹੀਂ

ਲਿਖੇ ਜਾਣੇ

ਅਫਸੋਸ਼ ਮੇਰੀ

ਆਖਰੀ ਸਾਹ ਤੱਕ

ਦੀ ਜੰਗ ਗੁੰਮਨਾਮ

ਰਹਿਣੀ ਏ

ਕੀ ਹੈ

ਤੇ ਕਿਦਾਂ

ਚੱਲ ਰਹੀ

ਬੱਸ ਚੱਲ
ਰਹੀ ਤੇ
ਸਾਇਦ ਅੱਜ ਕੱਲ.
ਰਹੀ ਹੈ

ਨਾ ਪੁੱਛੋਂ ਸਵਾਲ
ਮੈਥੋਂ ਮੇਰਾ
ਹਾਲ ਕੀ ਹੈ

ਬਸ ਦਿਲ ਜ਼ਿੰਦਾ
ਹੈ ਤੇ ਸਾਂਹ
ਚੱਲ ਰਹੀ ਹੈ

ਉਹ ਗੱਲਾਂ ਜੋ ਤੇਰੇ ਨਾਲ
ਕਰਨੀਆਂ ਸੀ
ਉਹ ਹੁਣ ਅੰਦਰ
ਹੀ ਰਹਿ ਜਾਣੀਆਂ ਨੇ

ਖੁੱਲੇਆਮ ਤਾਂ ਭਰਮ
ਹਾਸਿਆਂ ਦਾ ਹੋਣਾ ਹੀ ਏ
ਮਿਲੇ ਇਕਾਂਤ ਤਾਂ
ਜ਼ਹਿਰ ਵਾਂਗ ਵਹਿ ਜਾਣੀਆਂ
ਨੇ

Punjabi **13** Library

ਇੰਨੀ ਸੱਚੀ ਤੇ

ਨਹੀਂ ਮੇਰੀ ਮੁਹੱਬਤ

ਯਾਰਾ

ਫਿਰ ਤੂੰ ਮੇਰੇ ਦਿਲੋਂ

ਉਤਰ ਕਿਉਂ ਨਹੀਂ

ਜਾਂਦੀ

ਮੇਰੇ ਘਰ ਦੇ ਬੂਹੇ

ਤੇ ਉਡੀਕ ਦੀਆਂ

ਤਿਓੜੀਆਂ

ਵੱਧ ਗਈਆਂ

ਉਂਞ ਇਹਨਾਂ

ਬੂਹਿਆਂ ਦੇ ਕੁੰਡਿਆਂ

ਨੂੰ ਪਤਾ ਹੈ

ਕੀ ਤੇਰਾ ਆਉਣਾ

ਸੰਭਵ ਨਹੀਂ

ਸਾਂਭੀਆਂ ਫੁਲਕਾਰੀਆਂ

ਖੇਸ ਬਾਗ

ਧਰੇ ਰਹਿ

ਗਏ

ਸਜਾਏ ਸੀ ਜੋ

ਬੇਅੰਤ ਖੁਸਨੁਮਾ

ਖ਼ਾਬ

ਖੜ੍ਹੇ ਦੇ ਖੜ੍ਹੇ

ਰਹਿ ਗਏ

ਏਹ ਵੀ ਹੈ

ਗੱਲ ਕਿ

ਸੋਚੀਆਂ ਪੂਰੀਆਂ

ਨਹੀਂ ਹੁੰਦੀਆਂ

ਉਮੀਦਾਂ ਦੇ ਘੜ੍ਹੇ

ਬਸ ਬਸ ਭਰੇ ਦੇ

ਭਰੇ ਰਹਿ ਗਏ

ਹੋਇਆ ਕੀ ਏ?

ਕੁੱਝ ਵੀ ਨਹੀਂ

ਗਵਾਚਿਆ ਕੀ ਏ?

ਕੁੱਝ ਵੀ ਨਹੀਂ

ਫੇਰ ਉਦਾਸੀ ਕਿਉਂ?

ਛੱਡ ਯਰ

ਕੁੱਝ ਵੀ ਨਹੀਂ

ਦਸ ਤੇ ਸਹੀ

ਬੋਲ ਤੇ ਸਹੀ

ਭੇਦ ਦਿਲਾਂ ਦੇ

ਖੋਲ ਤੇ ਸਹੀ

ਉਹ ਨਹੀਂ

ਯਰ ਬਸ

ਕੁੱਝ ਵੀ ਨਹੀਂ?

ਬੋਲ ਤੇ ਕੁੱਝ?

ਬਸ ਕੁੱਝ ਵੀ
ਜੀ ਕੁੱਝ ਵੀ ਨਹੀਂ

ਇੱਕ ਖਾਬ ਅਧੂਰਾ
ਰਹਿ ਗਿਆ ਏ ਜੀ

ਬਾਕੀ ਕੁੱਝ ਵੀ ਨਹੀਂ ਜੀ ਕੁੱਝ ਵੀ ਨਹੀਂ

ਇੱਕ ਗਮ ਦਿਲ ਵਿਚ
ਬਹਿ ਗਿਆ ਏ ਜੀ ਬਾਕੀ
ਹੋਰ ਕੁੱਝ ਵੀ ਨਹੀਂ ਜੀ
ਕੁੱਝ ਵੀ ਨਹੀਂ

ਹੁਣ ਅਗਲੇ
ਜਨਮ ਚ ਮਿਲਾਂਗੇ
ਕੋਈ ਸੁਫ਼ਨੇ ਵਿੱਚ
ਕਹਿ ਗਿਆ ਏ ਬਾਕੀ

ਹੋਰ ਕੁੱਝ ਵੀ ਨਹੀਂ ਜੀ
ਕੁੱਝ ਵੀ ਨਹੀਂ

ਬਸ ਇੱਕ ਖਾਬ
ਅਧੂਰਾ ਰਹਿ ਗਿਆ ਏ
ਬਾਕੀ
ਹੋਰ ਕੁੱਝ ਵੀ ਨਹੀਂ ਜੀ
ਕੁੱਝ ਵੀ ਨਹੀ

ਮੈਂ ਇੱਕ ਉਮਰ
ਗੁਜ਼ਾਰੀ ਤੇਰੇ
ਇੰਤਜ਼ਾਰ
ਵਿੱਚ

Punjabi **18** Library

ਮੈਂ ਰਹਿੰਦੀ

ਉਮਰ ਵੀ

ਗੁਜ਼ਾਰਾਂਗਾ

ਅਗਲੇ ਜਨਮ

ਦੇ ਇੰਤਜ਼ਾਰ ਵਿੱਚ

ਯੇ ਕਿਸ

ਦੌਰ ਕਾ

ਇਸ਼ਕ

ਹੈ

ਜਿਸਕੀ ਨਾ ਮੰਜ਼ਿਲ੍ਹੇ

ਹੈਂ

ਨਾ ਰਸਤਾ

ਮੇਰੇ ਖਿਆਲ
ਚ ਨਹੀਂ
ਹੁਣ ਕੋਈ
ਮੇਰੇ ਸਵਾਲ
ਚ ਨਹੀਂ ਆਉਂਦਾ

ਕਿਸ ਹੱਕ ਨਾਲ
ਜਾਵਾਂ ਖੁਸ਼ੀਆਂ
ਦੀਆਂ ਮਹਿਫਲਾਂ
ਚ
ਯਾਰ
ਹੱਸਣਾ ਹੁਣ
ਮੇਰੇ ਕਿਸੇ ਹਾਲ ਚ
ਨਹੀਂ ਆਉਂਦਾ

ਕੁੱਝ ਇਸ

ਤਰਾਂ

ਨਸ਼ੇਵਾਨ

ਹੋਕੇ ਚਲੇ

ਰਾਹ ਏ ਇਸ਼ਕ ਵਿੱਚ

ਜਦ ਆਈ ਹੋਸ਼

ਤਾਂ ਵਾਪਸੀ

ਦਾ ਰਸਤਾ ਨਹੀਂ ਰਿਹਾ

ਬਿਨਾਂ ਦੀਦਾਰ ਏ ਚੇਹਰੇ

ਤੋਂ ਵੀ ਕਰ ਜਾਂਦੀ ਕਤਲ

ਯਾਰੋ ਓਹਨੂੰ ਕਹੋ

ਉਹ ਆਪਣੀਆਂ ਅੱਖਾਂ

ਨੂੰ ਵੀ ਪਰਦਾ ਨਸ਼ੀ ਕਰੇ

ਅਗਲੇ ਦੌਰ ਚ

ਮਿਲਾਂਗੇ

ਇੱਕ ਕਾਲਜ

ਦੇ ਵਿਦਿਆਰਥੀ ਬਣਕੇ

ਮੁਹੱਬਤ ਮੁਕੰਮਲ

ਨਾ ਵੀ ਹੋਈ

ਤਾਂ ਦੋਸਤ ਤੇ ਰਹਾਂਗੇ

ਗੱਲ ਏਹ ਨਹੀਂ

ਕਿ ਤੈਨੂੰ

ਭੁੱਲ ਨਹੀਂ ਸਕਦੇ

ਪਰ ਯਾਰਾ

ਤੇਰੀਆਂ ਯਾਦਾਂ

ਦੇ ਬਗੈਰ

ਮੈਂ ਫਕੀਰ ਹੋ ਜਾਣਾ ਏ

ਏਹ ਸ਼ਬਦ
ਕਵਿਤਾ ਅੱਖਰ
ਕਿਸ ਕੰਮ ਦੇ

ਜੇ ਏਹ
ਦਿਲ ਦਾ ਦਰਦ
ਨਹੀਂ ਘਟਾ ਸਕਦੇ

ਮੇਰੇ ਹਿੱਸੇ ਨਹੀਂ
ਪਰ
ਮੁਕੰਮਲ ਮੁਹੱਬਤ
ਦੇ ਕਿੱਸੇ ਹੋਰ ਹੋਣਗੇ

ਜਿੱਥੇ ਹੁੰਦੀਆਂ
ਨਹੀਂ ਜ਼ਮਾਨੇ
ਦੀਆਂ ਪਾਬੰਦੀਆਂ ਯਾਰੋ
ਉਹ ਦੁਨਿਆਂ ਦੇ
ਹਿੱਸੇ ਹੋਰ ਹੋਣਗੇ

Punjabi **23** Library

ਇਸ ਜਨਮ ਨੇ

ਲੰਘ ਜਾਣਾ

ਏਦਾਂ ਹੀ ਅਧੂਰਾ ਜਿਹਾ

ਮੈਂ ਕੱਲਾ ਨਹੀਂ

ਖੋਟਾ ਏ ਦੋਸਤਾ

ਦੁਨਿਆਂ ਚ ਸਿੱਕੇ

ਹੋਰ ਹੋਣਗੇ

ਮੈਂ ਕੋਈ ਕਵਿਤਾ

ਪੂਰੀ ਕਿਉਂ ਨਹੀਂ

ਕਰਦਾ?

ਮੈਨੂੰ ਮੇਰਾ

ਅਧੂਰਾ ਪਣ

ਇਜਾਜ਼ਤ ਨਹੀਂ ਦੇਂਦਾ

Punjabi **24** Library

ਮੈਂ ਸੋਚਦਾਂ
ਉਹ ਦਿਨ
ਕਿਸ ਦਿਨ
ਤੋਂ ਬਾਅਦ ਆਊਗਾ

ਜਿਸ ਦਿਨ
ਤੇਰਾ ਹਾਸਾ
ਮੈਨੂੰ ਯਾਦ
ਨਹੀਂ ਆਊਗਾ

ਇਜ਼ਹਾਰ ਕਰਨ ਲਈ
ਪਤਾ ਨਹੀਂ ਕਿੰਨੇ ਜ਼ਮਾਨੇ ਲੱਗਣੇ
ਪਤਾ ਨੀਂ ਹੋਰ ਕਿੰਨੇ ਸ਼ਬਦ
ਕਿੰਨੇ ਅਫਸਾਨੇ ਲੱਗਣੇ

ਸਾਬਤ ਸੂਰਤ ਦਿਖਦੇ
ਨੂਰ ਚੇਹਰੇ ਦੇ
ਪਰ ਉਸਦੀ ਨਜ਼ਰੇ

ਪੈਣ ਲਈ ਸੂਰਮੇ ਦਾਨੇ ਲੱਗਣੇ

ਇਜ਼ਹਾਰ ਕਰਨ ਲਈ
ਪਤਾ ਨਹੀਂ ਕਿੰਨੇ ਜ਼ਮਾਨੇ ਲੱਗਣੇ

ਤਰਸਦੇ ਨੇ ਰਹਿੰਦੇ
ਮਿਲ ਜਾਵੇ ਛੋਹ ਤੇਰੇ ਹੱਥਾਂ ਦੀ
ਏਸੇ ਚੰਗੇ ਕਰਮਾਂ ਨੂੰ
ਵੀ ਪਤਾ ਨੀ ਕਿਹੜੇ
ਤਵੀਤ ਤਮਾਨੇ ਲੱਗਣੇ

ਇਜ਼ਹਾਰ ਕਰਨ ਲਈ
ਪਤਾ ਨਹੀਂ ਕਿੰਨੇ ਜ਼ਮਾਨੇ ਲੱਗਣੇ

ਮੇਰਾ ਇੱਕ ਜਨਮ
ਲੱਗਿਆ ਸਿਰਫ ਤੈਨੂੰ
ਤੱਕਣ ਲਈ
ਅੱਗੇ ਦੇ ਰਸਤੇ ਲਈ
ਸ਼ਇਦ ਹੋਰ ਛੇ ਟਿਕਾਣੇ

ਲੱਗਣੇ

ਇਜ਼ਹਾਰ ਕਰਨ ਲਈ
ਪਤਾ ਨਹੀਂ ਕਿੰਨੇ ਜ਼ਮਾਨੇ ਲੱਗਣੇ

❁

ਆਪਣੇ ਵਰਗਿਆਂ ਦੀ
ਮੁਲਾਕਾਤ ਦਾ ਸਬੱਬ
ਔਖਾ ਬਣਦਾ

ਜਿਵੇਂ ਘਰ ਵਿੱਚ ਲਈਟ
ਜਾਣ ਅਤੇ ਇਨਵਰਟਰ ਖਰਾਬ
ਹੋਣ ਤੇ
ਦੀਵੇ ਦੀ ਵਾਰੀ ਆਉਂਦੀ ਹੈ

❁

ਏਹ ਮੇਰੇ ਲਈ

ਦੁਖਾਂਤ ਹੈ

ਕਿ ਮੇਰੇ

ਕੀਤੇ ਜਾਣ

ਵਾਲੇ ਹਰ

ਕਾਰਜ ਤੇ ਮੈਨੂੰ

ਤੇਰਾ ਚੇਤਾ ਆਉਂਦਾ ਹੈ

ਸਹਿ ਸੁਭਾ

ਗੱਲਾਂ ਵਿੱਚ

ਮਨ ਵਿੱਚ ਤੇਰਾ

ਖਿਆਲ ਆਉਂਦਾ

ਰਹਿੰਦਾ ਹੈ

ਮੈਂ ਵਿਆਹਾਂ ਵਿੱਚ
ਨਹੀਂ ਜਾਂਦਾ
ਏਹ ਵਿਆਹ ਮੈਨੂੰ
ਤੇਰੀ ਅਣਹੋਂਦ
ਦੀ ਯਾਦ ਦਵਾਉਂਦੇ
ਨੇ

ਮੈਂ ਕਦੇ ਕਦੇ
ਸੋਚਦਾਂ ਹਾਂ
ਕਿ ਰੱਬ
ਦੋ ਜਣਿਆ ਚੋਂ
ਇੱਕ ਨੂੰ ਆਪਣੇ
ਕੋਲ ਪਹਿਲਾਂ
ਕਿਉਂ ਬੁਲਾ ਲੈਂਦਾ
ਜੇ ਦੋਵੇਂ ਇਕੱਠੇ
ਨੇ ਪ੍ਰੇਮ ਵੀ
ਬੇਹੱਦ ਕਰਦੇ ਨੇ
ਫਿਰ ਮੌਤ ਵੀ
ਇਕੱਠੀਆਂ ਆਉਣੀ ਚਾਹੀਦੀ
ਹੈ

ਮੈਂ ਹੁਣ

ਗੱਲਾਂ ਵੱਖਰੀਆਂ

ਕਰਨ ਲੱਗਾਂ ਹਾਂ

ਦੁਨਿਆਂ ਹੁਣ

ਮੇਰੇ ਵਤੀਰੇ ਤੋਂ

ਛਿੜ ਜਾਂਦੀ ਹੈ

ਸ਼ਇਦ ਮੇਰੇ

ਇਕੱਲੇਪਣ ਦੀ

ਭਟਕਣਾ ਹੁਣ

ਸੁਭਾਉ ਦਾ ਹਿੱਸਾ ਬਣਦੀ

ਜਾ ਰਹੀ ਹੈ

ਅੰਤਰ ਮਨ ਦੀ

ਇਹ ਲੜਾਈ ਦੇ

ਨਤੀਜਿਆਂ ਤੇ ਨਿਰਭਰ

ਕਰਦਾ ਹੈ

ਕਿ

ਮੇਰੀ ਇੰਸਟਾਗ੍ਰਾਮ ਸਟੋਰੀ ਕਿ

ਹੋਵੇਗੀ

ਮੈਂ ਜਿੱਤ ਗਿਆ

ਜਾਂ

ਅਲਵਿਦਾ

ਜੀਣਾ ਸਿੱਖ
ਹਾਂਜੀ
ਵਿਚਾਰ ਤੇ ਚੰਗਾ
ਹੈ

ਕੋਸ਼ਿਸ਼ ਕਰਾਂਗੇ
ਵੈਸੇ ਕੰਧਾਂ ਤੇ
ਲਿਖੇ ਵਿਚਾਰਾਂ
ਤੇ ਕਦੇ ਅਮਲ ਹੁੰਦੇ
ਦੇਖੇ ਤਾਂ ਨਹੀਂ

ਸਰਾਪ ਦੀਆਂ
ਵੱਖਰੀਆਂ ਕਿਸਮਾਂ
ਹੁੰਦੀਆਂ ਹਾਂ

ਆਮ
ਤੂੰ ਮਰ ਜਾਵੇ

ਭਿਆਨਕ
ਤੇਰੇ ਸਭ ਤੋਂ ਕਰੀਬੀ ਮਰ
ਜਾਵੇ

ਸਰਾਪ

Punjabi **33** Library

ਇਹ ਨਹਿਰ ਚ
ਵਹਿੰਦਾ ਪਾਣੀ

ਕਿੰਨੇ ਕਿਨਾਰਿਆਂ
ਦਾ ਸਾਥ ਛੱਡ ਕੇ
ਆਇਆ ਹੋਣਾ
ਕਿੰਨੇ ਘੜ੍ਹੇ ਖੋਰ ਕੇ
ਪਿਆਰ ਡੋਬ ਚੁੱਕਾ ਹੋਣਾ
ਕਿੰਨਿਆਂ ਨੂੰ
ਜ਼ਿੰਦਗੀ ਤੋਂ
ਹਾਰਨ ਤੋਂ
ਬਾਅਦ ਗੋਦੀ ਚ
ਸਮਾਇਆ ਹੋਣਾ

ਇਹ ਨਹਿਰ ਦਾ
ਪਾਣੀ ਕਿੰਨੇ
ਕਿਨਾਰਿਆਂ ਦਾ ਸਾਥ
ਛੱਡ ਕੇ ਆਇਆ ਹੋਣਾ

ਕਿਤਾਬ ਪੜ੍ਹਨ ਲਈ ਆਪ ਜੀ ਦਾ ਬਹੁਤ ਸ਼ੁਕਰੀਆ | ਉਮੀਦ ਆ ਆਪ ਜੀ ਨੂੰ ਪੜ੍ਹਕੇ ਚੰਗੀ ਲੱਗੀ ਹੋਵੇਗੀ |

ਇੰਸਟਾਗ੍ਰਾਮ :- Sarb_Preet37

ਵਟਸਐਪ :-62809-81326